# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈੱਸ ਨੋਟ

ਪੰਜਾਬ ਰਾਜ ਦੇ ਸਮੂਹ ਵਿਦਿਆਰਥੀਆਂ/ਅਧਿਆਪਕਾਂ/ਮਾਪਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਸਵੀਂ/ਬਾਰ੍ਹਵੀਂ ਸ਼੍ਰੇਣੀ ਦੀ ਪ੍ਰੀਖਿਆ ਮਾਰਚ ਅਤੇ ਜੂਨ-2017 ਦੌਰਾਨ ਅਪੀਅਰ ਹੋਏ ਉਹ ਪ੍ਰੀਖਿਆਰਥੀ, ਜਿਨ੍ਹਾਂ ਦਾ ਨਤੀਜਾ ਰੀ-ਅਪੀਅਰ/ਕੰਪਾਰਟਮੈਂਟ ਘੋਸ਼ਿਤ ਕੀਤਾ ਗਿਆ ਸੀ। ਅਜਿਹੇ ਵਿਦਿਆਰਥੀ ਜਿਨ੍ਹਾਂ ਨੇ ਆਪਣਾ ਪੂਰਵਵਰਤੀ ਨਤੀਜਾ ਬੋਰਡ ਦੀ ਸੰਬੰਧਿਤ ਪ੍ਰੀਖਿਆ ਸ਼ਾਖਾ ਤੋਂ ਰੱਦ ਕਰਵਾ ਲਿਆ ਹੈ, ਪ੍ਰੰਤੂ ਕਿਸੇ ਕਾਰਨ ਉਹ ਸਕੂਲ ਵਿੱਚ ਮੁੜ ਦਾਖ਼ਲਾ ਨਹੀਂ ਲੈ ਸਕੇ। ਉਹ ਵਿਦਿਆਰਥੀ ਮਿਤੀ : 08-09-2017 ਤੱਕ ਮੁੜ ਰੈਗੂਲਰ ਦਾਖ਼ਲਾ ਲੈ ਸਕਦੇ ਹਨ।

ਇਸ ਦੇ ਨਾਲ ਹੀ ਜਿਨ੍ਹਾਂ ਵਿਦਿਆਰਥੀਆਂ ਨੇ ਆਪਣਾ ਪੂਰਵਵਰਤੀ ਨਤੀਜਾ ਰੱਦ ਕਰਵਾਉਣ ਲਈ ਬੋਰਡ ਦਫ਼ਤਰ ਵਿੱਚ ਪ੍ਰਤੀ-ਬੇਨਤੀ ਦਿੱਤੀ ਹੈ, ਉਹ ਵਿਦਿਆਰਥੀ ਦਫ਼ਤਰ ਵੱਲੋਂ ਨਤੀਜਾ ਰੱਦ ਹੋਣ ਸੰਬੰਧੀ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਤਿੰਨ ਕੰਮ ਕਾਜ ਦਿਨਾਂ ਦੇ ਅੰਦਰ-ਅੰਦਰ ਮੁੜ ਦਾਖ਼ਲਾ ਲੈ ਸਕਣਗੇ।

ਸਕੱਤਰ